# ਪ੍ਰਾਸਪੈਕਟਸ

## ਸੀਨੀਅਰ ਸੈਕੰਡਰੀ ਪਰੀਖਿਆ

## ਸਮੈਸਟਰ -1 ਅਤੇ 2

## ਸੈਸ਼ਨ : 2010-11

## ਪ੍ਰਾਈਵੇਟ ਉਮੀਦਵਾਰਾਂ ਲਈ


## ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ


ਨੋਟ:- ਫਾਰਮ ਦੀ ਕੀਮਤ 50/- ਰੁਪਏ ਪ੍ਰੀਖਿਆ ਫੀਸ ਦੇ ਨਾਲ ਹੀ ਜਮ੍ਹਾਂ ਕਰਵਾਈ ਜਾਵੇ।

# ਪੰਜਾਬ ਸਕੂਲ ਸਿੱਖਿਆ ਬੋਰਡ
## ਸੀਨੀਅਰ ਸੈਕੰਡਰੀ (ਬਾਰ੍ਹਵੀਂ) ਸਮੈਸਟਰ I ਅਤੇ II ਪਰੀਖਿਆ – 2010-2011

1. ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਹਦਾਇਤਾਂ :-

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ। ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮਾਂ ਕਰਵਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀਂ ਦੇ ਸਕਦਾ ਹੈ ਜੋ ਨਿਯਮ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

☞ **1.2 ਹਰੇਕ ਉਮੀਦਵਾਰ ਵੱਲੋਂ ਪਰੀਖਿਆ ਫਾਰਮ ਆਪਣੇ ਹੱਥ ਨਾਲ ਭਰਿਆ ਜਾਵੇ ਉਮੀਦਵਾਰ ਦੇ ਨਾਂ/ਪਿਤਾ ਦੇ ਨਾਂ/ਮਾਤਾ ਦੇ ਨਾਂ ਦੇ ਸਪੈਲਿੰਗ ਅਤੇ ਰਜਿਸਟਰੇਸ਼ਨ ਨੰਬਰ ਦਸਵੀਂ ਦੇ ਸਰਟੀਫਿਕੇਟ ਅਨੁਸਾਰ ਲਿਖੇ ਜਾਣ। ਆਪਣੀ ਤਸਦੀਕ ਸ਼ੁਦਾ ਪਾਸਪੋਰਟ ਸਾਈਜ਼ ਰੰਗੀਨ ਫੋਟੋ ਪਰੀਖਿਆ ਫਾਰਮ ਤੇ ਦਿੱਤੀ ਗਈ ਥਾਂ ਤੇ ਚਿਪਕਾਈ ਜਾਵੇ ਅਤੇ ਇਹ ਫੋਟੋ ਉਸੇ ਅਧਿਕਾਰੀ ਕੋਲੋਂ ਤਸਦੀਕ ਕਰਵਾਈ ਜਾਵੇ ਜੋ ਪਰੀਖਿਆ ਫਾਰਮ ਤਸਦੀਕ ਕਰੇਗਾ ਇੱਕ ਅਜਿਹੀ ਫੋਟੋ ਬਿਨ੍ਹਾਂ ਤਸਦੀਕ ਕੀਤੇ ਫਾਰਮ ਉਤੇ ਦਿੱਤੀ ਥਾਂ ਤੇ ਚਿਪਕਾਈ ਜਾਵੇ। ਫਾਰਮ ਅਤੇ ਫੋਟੋ ਨੂੰ ਪਿੰਨ ਨਾ ਲਗਾਈ ਜਾਵੇ, ਇਸ ਫਾਰਮ ਨੂੰ ਮੋੜਿਆ ਨਾ ਜਾਵੇ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।**

1.3 ਉਮੀਦਵਾਰ ਲਈ ਘਰ ਦਾ ਪੱਕਾ ਪਤਾ ਅਤੇ ਪੱਤਰ ਵਿਹਾਰ ਲਈ ਪਤਾ ਦੇਣਾ ਜ਼ਰੂਰੀ ਹੈ। ਪਰੀਖਿਆ ਫਾਰਮ ਵਿੱਚ ਜ਼ਿਲ੍ਹਾ ਪੱਕੇ ਪਤੇ ਵਾਲਾ ਹੀ ਭਰਿਆ ਜਾਵੇ।

1.4 ਅਕੈਡਮੀ ਰਾਹੀਂ ਜਾਂ ਇਸ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।

1.5 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.6 ਪਰੀਖਿਆ ਸ਼ੁਰੂ ਹੋਣ ਦੀ ਮਿਤੀ ਤੋਂ ਜੇਕਰ ਇੱਕ ਹਫਤਾ ਪਹਿਲਾਂ ਰੋਲ ਨੰਬਰ ਪ੍ਰਾਪਤ ਨਾ ਹੋਵੇ ਤਾਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ ਅਤੇ ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ਸਮੇਤ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.7 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਨੂੰ ਲਿਖਾਰੀ ਲੈਣ ਦੀ ਆਗਿਆ ਹੈ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਪਰੀਖਿਆ ਫਾਰਮ ਵਿੱਚ ਅੰਦਰਾਜ ਕਰਨ ਅਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.8 ਦਫਤਰ ਨੂੰ ਭੇਜੇ ਗਏ ਪਰੀਖਿਆ ਫਾਰਮ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਾਉਣ ਲਈ (ਕੇਂਦਰ ਦੀ ਤਬਦੀਲੀ ਨੂੰ ਛੱਡ ਕੇ) 100/- ਰੁਪਏ ਪ੍ਰਤੀ ਤਬਦੀਲੀ ਫੀਸ ਦੇਣੀ ਪਵੇਗੀ। (ਇਹ ਤਬਦੀਲੀ 30 ਜੁਲਾਈ 2010 ਤੱਕ ਕਰਵਾਈ ਜਾ ਸਕਦੀ ਹੈ।

1.9 ਪਰੀਖਿਆ ਫੀਸ ਕੇਵਲ ਅਜਿਹੇ ਉਮੀਦਵਾਰ ਦੀ ਵਾਪਸ ਕੀਤੀ ਜਾਵੇਗੀ ਜੋ ਪਰੀਖਿਆ ਦੇਣ ਤੋਂ ਅਯੋਗ ਹੋਵੇਗਾ ਜਾਂ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੀ ਮੌਤ ਹੋ ਗਈ ਹੋਵੇ। ਫੀਸ ਵਾਪਸੀ ਲਈ ਬਿਨੈ ਪਰੀਖਿਆ ਸ਼ੁਰੂ ਹੋਣ ਤੋਂ ਤਿੰਨ ਮਹੀਨੇ ਦੇ ਅੰਦਰ ਕੀਤੀ ਜਾ ਸਕਦੀ ਹੈ।

1.10 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਐਸ.ਏ.ਐਸ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾ ਸਕਦੀ ਹੈ।

1.11 ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਫਾਰਮ (ਰੈਗੂਲਰ/ਪ੍ਰਾਈਵੇਟ) ਭੇਜੇਗਾ ਤਾਂ ਉਸ ਦੇ ਪਰੀਖਿਆ ਫਾਰਮ ਰੱਦ ਕਰ ਦਿੱਤੇ ਜਾਣਗੇ

1.12 ਪੂਰੇ ਵਿਸ਼ੇ/ ਵਾਧੂ ਵਿਸ਼ਾ ਵਾਲੇ ਉਮੀਦਵਾਰ ਲਿਖਤੀ ਪਰੀਖਿਆ ਦੇ ਨਾਲ ਪ੍ਰਯੋਗੀ ਪਰੀਖਿਆ ਵੀ ਦੇਣਗੇ।

**2. ਸੀਨੀਅਰ ਸੈਕੰਡਰੀ (ਬਾਰਵੀਂ) ਪਰੀਖਿਆ ਦੇਣ ਲਈ ਉਮੀਦਵਾਰ ਹੇਠ ਲਿਖੇ ਅਨੁਸਾਰ ਯੋਗ ਹਨ:-**

2.1 ਉਮੀਦਵਾਰ ਨੇ ਘੱਟੋ ਘੱਟ ਦੋ ਵਿੱਦਿਅਕ ਸਾਲ ਪਹਿਲਾਂ ਦਸਵੀਂ ਦੀ ਪਰੀਖਿਆ ਪਾਸ ਕੀਤੀ ਹੋਵੇ।
(ਆਈ.ਸੀ.ਐਸ.ਈ.,ਸੀ.ਬੀ.ਐਸ.ਈ.,ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਦੇ ਬੋਰਡਾਂ ਨੂੰ ਛੱਡ ਕੇ ਦੂਜੇ ਬੋਰਡ ਤੋਂ ਦਸਵੀਂ ਪਾਸ ਕਰਨ ਵਾਲੇ ਉਮੀਦਵਾਰ ਨੂੰ ਡਾਇਰੈਕਟਰ ਅਕਾਦਮਿਕ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਮਾਨਤਾ ਪੱਤਰ ਲੈਕੇ ਪਰੀਖਿਆ ਫਾਰਮ ਨਾਲ ਲਗਾਉਣਾ ਜ਼ਰੂਰੀ ਹੈ)
(ਦਸਵੀਂ ਵਿੱਚ ਰੀ-ਅਪੀਅਰ ਵਾਲੇ ਉਮੀਦਵਾਰਾਂ ਦਾ 2 ਸਾਲ ਦੀ ਵਿੱਥ ਦਾ ਸਮਾਂ ਉਸ ਸੈਸ਼ਨ ਤੋਂ ਗਿਣਿਆ ਜਾਵੇਗਾ, ਜਿਸ ਸਾਲ ਵਿੱਚ ਉਨ੍ਹਾਂ ਦਾ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਹੈ)

ਜਾਂ

ਬੋਰਡ ਦੀ ਬਾਰ੍ਹਵੀ ਪਰੀਖਿਆ ਵਿੱਚੋਂ ਫੇਲ੍ਹ ਉਮੀਦਵਾਰ।

ਜਾਂ

ਦੂਜੇ ਬੋਰਡ/ਯੂਨੀਵਰਸਿਟੀ ਤੋਂ ਬਾਰ੍ਹਵੀਂ ਦੇ ਬਰਾਬਰ ਦੀ ਪਰੀਖਿਆ ਵਿੱਚੋਂ ਫੇਲ੍ਹ ਉਮੀਦਵਾਰ

ਜਾਂ

ਜਿਸ ਨੇ ਬਾਰ੍ਹਵੀਂ ਪਰੀਖਿਆ ਸਾਇੰਸ/ਕਾਮਰਸ/ਖੇਤੀਬਾੜੀ/ਤਕਨੀਕੀ ਗਰੁੱਪਾਂ ਵਿੱਚੋਂ ਕਿਸੇ ਗਰੁੱਪ ਵਿੱਚ ਪਾਸ ਕਰ ਲਈ ਹੋਵੇ ਅਤੇ ਉਹ ਸਟਰੀਮ ਬਦਲਕੇ ਹਿਊਮੈਨਟੀਜ਼ ਗਰੁੱਪ ਵਿੱਚ ਪਰੀਖਿਆ ਦੇਣੀ ਚਾਹੁੰਦਾ ਹੋਵੇ।

**ਨੋਟ :-** (ੳ) ਪ੍ਰਾਈਵੇਟ ਉਮੀਦਵਾਰ ਨੂੰ ਪ੍ਰਯੋਗੀ ਪਰੀਖਿਆ ਵਾਲੇ ਵਿਸ਼ੇ ਰੱਖਣ ਦੀ ਆਗਿਆ ਨਹੀਂ। ਪਰ ਉਨ੍ਹਾਂ ਪ੍ਰਾਈਵੇਟ ਉਮੀਦਵਾਰਾਂ ਨੂੰ ਇਹ ਵਿਸ਼ੇ ਰੱਖਣ ਦੀ ਖੁੱਲ ਹੋਵੇਗੀ ਜੋ ਇਨ੍ਹਾਂ ਵਿਸ਼ਿਆਂ ਵਿੱਚ ਬਾਰ੍ਹਵੀਂ ਪਰੀਖਿਆ ਵਿੱਚ ਪਹਿਲਾਂ ਫੇਲ੍ਹ ਹਨ ਜਾਂ ਕੰਪਾਰਟਮੈਂਟ ਹੈ ਪਰ ਨੇਤਰਹੀਣ, ਬੋਲੇ ਅਤੇ ਗੂੰਗੇ ਉਮੀਦਵਾਰਾਂ ਨੂੰ ਅਜਿਹੇ ਵਿਸ਼ੇ ਪ੍ਰਾਈਵੇਟ ਤੌਰ ਤੇ ਰੱਖਣ ਦੀ ਆਗਿਆ ਹੈ।

(ਅ) ਸਾਇੰਸ, ਕਾਮਰਸ, ਖੇਤੀਬਾੜੀ, ਵੋਕੇਸ਼ਨਲ ਅਤੇ ਤਕਨੀਕੀ ਗਰੁੱਪਾਂ ਵਿੱਚ ਪ੍ਰਾਈਵੇਟ ਤੌਰ ਤੇ ਪਰੀਖਿਆ ਨਹੀਂ ਦਿੱਤੀ ਜਾ ਸਕਦੀ ਪਰ ਜਿਹੜੇ ਉਮੀਦਵਾਰ ਜਿਸ ਗਰੁੱਪ ਵਿੱਚ ਫੇਲ੍ਹ ਹੁੰਦੇ ਹਨ ਉਹ ਉਮੀਦਵਾਰ ਉਸ ਗਰੁੱਪ ਵਿੱਚ ਪ੍ਰਾਈਵੇਟ ਤੌਰ ਤੇ ਪਰੀਖਿਆ ਦੇਣ ਦੇ ਯੋਗ ਹਨ।

2.2 ਜਿਸ ਉਮੀਦਵਾਰ ਨੇ ਬਾਰ੍ਹਵੀਂ ਪਰੀਖਿਆ ਪਹਿਲਾਂ ਕਿਸੇ ਗਰੁੱਪ ਵਿੱਚ ਪਾਸ ਕੀਤੀ ਹੈ ਜਾਂ ਕਿਸੇ ਅਜਿਹੇ ਗਰੁੱਪ ਵਿੱਚ ਜਿਸ ਵਿੱਚ ਉਮੀਦਵਾਰ ਨੂੰ ਪ੍ਰਾਈਵੇਟ ਤੌਰ ਤੇ ਪਰੀਖਿਆ ਦੇਣ ਦੀ ਆਗਿਆ ਹੈ ਤਾਂ ਉਹ ਇਨ੍ਹਾਂ ਗਰੁੱਪਾਂ ਵਿੱਚੋਂ ਅਜਿਹੇ ਵਿਸ਼ੇ/ਵਿਸ਼ਿਆਂ ਦੀ ਪਰੀਖਿਆ ਦੇ ਸਕਦਾ ਹੈ ਜੋ ਉਸ ਨੇ ਪਹਿਲਾਂ ਪਾਸ ਨਾ ਕੀਤੇ ਹੋਣ। ਅਜਿਹੇ ਵਿਸ਼ਿਆਂ ਵਿੱਚ ਜੇਕਰ ਵਿਸ਼ੇ ਪ੍ਰੈਕਟੀਕਲ ਵਾਲੇ ਹਨ ਤਾਂ ਉਮੀਦਵਾਰ ਨੂੰ ਕਿਸੇ ਸਰਕਾਰੀ/ਮਾਨਤਾ ਪ੍ਰਾਪਤ ਸੰਸਥਾ ਦੇ ਮੁਖੀ ਤੋਂ ਪ੍ਰੈਕਟੀਕਲ ਕੰਮ ਲਈ ਹਾਜ਼ਰੀਆਂ ਦੀ 75% ਦਾ ਸਰਟੀਫਿਕੇਟ ਦੇਣਾ ਪਵੇਗਾ।

2.3 ਜਿਸ ਉਮੀਦਵਾਰ ਨੇ ਇਸ ਬੋਰਡ ਤੋ. ਬਾਰ੍ਹਵੀਂ ਪਰੀਖਿਆ ਪਹਿਲਾਂ ਪਾਸ ਕੀਤੀ ਹੈ ਉਹ ਇੱਕ ਜਾਂ ਵੱਧ ਵਿਸ਼ਿਆਂ ਵਿੱਚ ਪਰੀਖਿਆ ਦੇ ਕੇ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰ ਸਕਦਾ ਹੈ ਬਸ਼ਰਤੇ ਕਿ ਉਸ ਨੇ ਕੋਈ ਉਚੇਰੀ ਪਰੀਖਿਆ ਪਹਿਲਾਂ ਪਾਸ ਨਾ ਕੀਤੀ ਹੋਵੇ ਅਤੇ ਉਹ ਅਜਿਹਾ ਕੇਵਲ ਅਗਲੇ ਦੋ ਸਾਲਾਂ ਵਿੱਚ ਕੇਵਲ ਦੋ ਮੌਕੇ ਲੈ ਕੇ ਕਰ ਸਕਦਾ ਹੈ। (ਇਹ ਸੁਵਿਧਾ ਦੂਜੇ ਬੋਰਡ ਤੋਂ ਬਾਰ੍ਹਵੀਂ ਪਾਸ ਉਮੀਦਵਾਰਾਂ ਨੂੰ ਨਹੀਂ ਹੈ।)

2.4 ਜਿਸ ਉਮੀਦਵਾਰ ਨੇ ਭਾਸ਼ਾਵਾਂ/ਆਧੁਨਿਕ ਭਾਰਤੀ ਭਾਸ਼ਾਵਾਂ/ਕਲਾਸੀਕਲ ਭਾਸ਼ਾਵਾਂ/ਵਿਦੇਸ਼ੀ ਭਾਸ਼ਾਵਾਂ ਦਾ ਸਰਟੀਫਿਕੇਟ ਕੋਰਸ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਪਾਸ ਕੀਤੀ ਹੈ ਜੇ ਉਹ ਚਾਹੇ ਤਾਂ ਚੋਣਵੇਂ ਵਿਸ਼ੇ ਦੇ ਤੌਰ ਤੇ ਭਾਸ਼ਾ ਵਿੱਚ ਪਰੀਖਿਆ ਦੇਣ ਤੋਂ ਛੋਟ ਲੈ ਸਕਦਾ ਹੈ ਅਤੇ ਜਿਸ ਨੇ ਗਿਆਨੀ ਦੀ ਪਰੀਖਿਆ ਪਾਸ ਕੀਤੀ ਹੈ, ਉਹ ਜੇ ਚਾਹੇ ਤਾਂ ਪੰਜਾਬੀ ਲਾਜ਼ਮੀ ਜਾਂ ਚੋਣਵੇਂ ਵਿਸ਼ੇ ਦੇ ਤੌਰ ਤੇ ਜਾਂ ਦੋਹਾਂ ਵਿੱਚ ਛੋਟ ਪ੍ਰਾਪਤ ਕਰ ਸਕਦਾ ਹੈ ਅਜਿਹੇ ਛੋਟ ਸਮੇਂ ਇਸ ਭਾਸ਼ਾ ਵਿੱਚ ਉਸ ਨੂੰ ਕੇਵਲ ਪਾਸ ਅੰਕ ਹੀ ਦਿੱਤੇ ਜਾਣਗੇ।

ਨੋਟ :- ਉਮੀਦਵਾਰ 50/- ਰੁਪਏ ਪਰੀਖਿਆ ਫਾਰਮ ਦੀ ਫੀਸ ਜਮ੍ਹਾਂ ਕਰਾਉਣਗੇ। ਪਰੀਖਿਆ ਫੀਸ ਬੈਂਕ ਡਰਾਫਟ/ਆਈ.ਪੀ.ਓ. (**I.P.O**) ਮਨੀਆਰਡਰ / ਬੈਂਕ ਚੈਕ ਰਾਹੀਂ ਨਾ ਭੇਜੀ ਜਾਵੇ । ਪਰੀਖਿਆ ਫਾਰਮ ਅਤੇ ਪਰੀਖਿਆ ਫੀਸ ਬੋਰਡ ਦੇ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ ਅਤੇ ਇਸ ਦੀ ਰਸੀਦ ਪ੍ਰਾਪਤ ਕੀਤੀ ਜਾਵੇ। ਪਰੀਖਿਆ ਫੀਸ ਦੀ ਰਸੀਦ ਦੇ ਨੰਬਰ ਦਾ ਇੰਦਰਾਜ ਪਰੀਖਿਆ ਫਾਰਮ ਵਿੱਚ ਜ਼ਰੂਰ ਕੀਤਾ ਜਾਵੇ। ਪਰੀਖਿਆ ਫੀਸ / ਫਾਰਮ ਬੋਰਡ ਦੇ ਮੁੱਖ ਦਫਤਰ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਵੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

**3. ਪਰੀਖਿਆ ਕੇਂਦਰਾਂ ਦੀ ਆਰਜ਼ੀ ਸੂਚੀ:-**

3.1 ਉਮੀਦਵਾਰ ਇਸ ਸੂਚੀ ਵਿੱਚੋਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਕੇਂਦਰਾਂ ਵਿੱਚੋਂ ਕੋਈ ਚਾਰ ਕੇਂਦਰ ਭਰੇ।
(ਬੋਰਡ ਵੱਲੋਂ ਪ੍ਰਸ਼ਾਸਕੀ ਕਾਰਨਾਂ ਕਰਕੇ ਕਿਸੇ ਵੀ ਕੇਂਦਰ ਨੂੰ ਰੱਦ ਕੀਤਾ ਜਾ ਸਕਦਾ ਹੈ। ਮੰਗਿਆ ਗਿਆ ਪਰੀਖਿਆ ਕੇਂਦਰ ਰੱਦ ਹੋਣ ਜਾਂ ਸਮਰੱਥਾ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਕੋਈ ਵੀ ਕੇਂਦਰ ਅਲਾਟ ਕੀਤਾ ਜਾ ਸਕਦਾ ਹੈ)

| **ਲੜੀ ਨੰ:** | **ਕੇਂਦਰ ਦਾ ਨਾਂ** | **ਲੜੀ ਨੰ:** | **ਕੇਂਦਰ ਦਾ ਨਾਂ** |
|---|---|---|---|
| **ਜ਼ਿਲ੍ਹਾ ਅੰਮ੍ਰਿਤਸਰ** | | **ਜ਼ਿਲ੍ਹਾ ਅੰਮ੍ਰਿਤਸਰ** | |
| 1. | ਅਜਨਾਲਾ | 6. | ਤਰਸਿੱਕਾ |
| 2. | ਅੰਮ੍ਰਿਤਸਰ | 7. | ਬਾਬਾ ਬਕਾਲਾ |
| 3. | ਹਰਛੇ ਛੀਨਾ | 8. | ਮਜੀਠਾ |
| 4. | ਛੇਹਰਟਾ | 9. | ਰਈਆ |
| 5. | ਜੰਡਿਆਲਾ ਗੁਰੂ | 10. | ਵੇਰਕਾ |

| ਲੜੀ ਨੰ: | ਕੇਂਦਰ ਦਾ ਨਾਂ | ਲੜੀ ਨੰ: | ਕੇਂਦਰ ਦਾ ਨਾਂ |
|---|---|---|---|
| **ਜ਼ਿਲ੍ਹਾ ਤਰਨਤਾਰਨ** | | **ਜ਼ਿਲ੍ਹਾ ਫਿਰੋਜ਼ਪੁਰ** | |
| 1. | ਖਡੂਰ ਸਾਹਿਬ | 1. | ਅਬੋਹਰ |
| 2. | ਗੋਇੰਦਵਾਲ ਸਾਹਿਬ | 2. | ਜਲਾਲਾਬਾਦ |
| 3. | ਚੋਹਲਾ ਸਾਹਿਬ | 3. | ਫਾਜ਼ਿਲਕਾ |
| 4. | ਤਰਨਤਾਰਨ | 4. | ਗੁਰੂ ਹਰ ਸਹਾਏ |
| 5. | ਨੌਸ਼ਹਿਰਾ ਪਨੂੰਆ | 5. | ਜ਼ੀਰਾ |
| 6. | ਪੱਟੀ | 6. | ਫ਼ਿਰੋਜ਼ਪੁਰ |
| **ਜ਼ਿਲ੍ਹਾ ਬਠਿੰਡਾ** | | **ਜ਼ਿਲ੍ਹਾ ਗੁਰਦਾਸਪੁਰ** | |
| 1. | ਸੰਗਤ ਮੰਡੀ | 1. | ਸੁਜਾਨਪੁਰ |
| 2. | ਗੋਨਿਆਣਾ ਮੰਡੀ | 2. | ਸ਼੍ਰੀ ਹਰਗੋਬਿੰਦਪੁਰ |
| 3. | ਤਲਵੰਡੀ ਸਾਬੋ | 3. | ਕਾਦੀਆਂ |
| 4. | ਨਥਾਣਾ | 4. | ਕਾਹਨੂੰਵਾਨ |
| 5. | ਫੂਲ | 5. | ਕਲਾਨੌਰ |
| 6. | ਬਠਿੰਡਾ | 6. | ਗੁਰਦਾਸਪੁਰ |
| 7. | ਭਗਤਾ ਭਾਈ ਕਾ | 7. | ਡੇਰਾ ਬਾਬਾ ਨਾਨਕ |
| 8. | ਮੰਡੀ ਫੂਲ | 8. | ਦੀਨਾ ਨਗਰ |
| 9. | ਰਾਮਪੁਰਾ ਫੂਲ | 9. | ਧਾਰਕਲਾਂ |
| 10. | ਰਾਮਪੁਰਾ ਮੰਡੀ | 10. | ਧਾਰੀਵਾਲ |
| 11. | ਮੌੜ ਮੰਡੀ | 11. | ਨਰੋਟ ਜੈਮਲ ਸਿੰਘ |
| **ਜ਼ਿਲ੍ਹਾ ਬਰਨਾਲਾ** | | 12. | ਪਠਾਨਕੋਟ |
| 1. | ਸਹਿਣਾ | 13. | ਫਤਿਹਗੜ੍ਹ ਚੂੜੀਆਂ |
| 2. | ਤਪਾ | 14. | ਬਮਿਆਲ |
| 3. | ਬਰਨਾਲਾ | 15. | ਬਟਾਲਾ |
| **ਜ਼ਿਲ੍ਹਾ ਫਤਿਹਗੜ੍ਹ ਸਾਹਿਬ** | | **ਜ਼ਿਲ੍ਹਾ ਹੁਸ਼ਿਆਰਪੁਰ** | |
| 1. | ਅਮਲੋਹ | 1. | ਹਾਜੀਪੁਰ |
| 2. | ਸਰਹਿੰਦ | 2. | ਹੁਸ਼ਿਆਰਪੁਰ |
| 3. | ਸੰਘੋਲ | 3. | ਗੜ੍ਹਦੀਵਾਲਾ |
| 4. | ਹੰਸਾਲੀ ਖੇੜਾ | 4. | ਗੜ੍ਹਸ਼ੰਕਰ |
| 5. | ਖਮਾਣੋਂ ਕਲਾਂ | 5. | ਟਾਂਡਾ ਉੜਮੁੜ |
| 6. | ਫਤਿਹਗੜ੍ਹ ਸਾਹਿਬ | 6. | ਤਲਵਾੜਾ |
| 7. | ਬਸੀ ਪਠਾਣਾ | 7. | ਦਸੂਆ |
| 8. | ਮੰਡੀ ਗੋਬਿੰਦਗੜ੍ਹ | 8. | ਭੂੰਗਾ |
| 9. | ਬਡਾਲੀ ਆਲਾ ਸਿੰਘ | 9. | ਮਹਿਲਪੁਰ |
| **ਜ਼ਿਲ੍ਹਾ ਫਰੀਦਕੋਟ** | | 10. | ਮੁਕੇਰੀਆਂ |
| 1. | ਕੋਟਕਪੂਰਾ | | |
| 2. | ਜੈਤੋਂ | | |
| 3. | ਫਰੀਦਕੋਟ | | |

| ਲੜੀ ਨੰ: | ਕੇਂਦਰ ਦਾ ਨਾਂ | ਲੜੀ ਨੰ: | ਕੇਂਦਰ ਦਾ ਨਾਂ |
|---|---|---|---|
| **ਜ਼ਿਲ੍ਹਾ ਜਲੰਧਰ** | | **ਜ਼ਿਲ੍ਹਾ ਮਾਨਸਾ** | |
| 1. | ਆਦਮਪੁਰ | 1. | ਸਰਦੂਲਗੜ੍ਹ |
| 2. | ਸ਼ਾਹਕੋਟ | 2. | ਝੁਨੀਰ |
| 3. | ਕਰਤਾਰਪੁਰ | 3. | ਬੁਢਲਾਡਾ |
| 4. | ਜਲੰਧਰ ਸ਼ਹਿਰ ਅਤੇ ਕੈਂਟ | 4. | ਭੀਖੀ |
| 5. | ਨਕੋਦਰ | 5. | ਮਾਨਸਾ |
| 6. | ਨੂਰ ਮਹਿਲ | **ਜ਼ਿਲ੍ਹਾ ਮੋਗਾ** | |
| 7. | ਫਿਲੌਰ | 1. | ਕੋਟ ਈਸੇ ਖਾਂ |
| 8. | ਭੋਗਪੁਰ | 2. | ਘੋਲੀਆਂ ਖੁਰਦ |
| 9. | ਰੁੜਕਾ ਕਲਾਂ | 3. | ਜਵਾਹਰ ਸਿੰਘ ਵਾਲਾ |
| 10. | ਲੋਹੀਆਂ ਖਾਸ | 4. | ਧੂੜ ਕੋਟ ਰਣਸੀਂਹ |
| **ਜ਼ਿਲ੍ਹਾ ਕਪੂਰਥਲਾ** | | 5. | ਧਰਮਕੋਟ |
| 1. | ਸੁਲਤਾਨਪੁਰ ਲੋਧੀ | 6. | ਨਿਹਾਲ ਸਿੰਘ ਵਾਲਾ |
| 2. | ਕਪੂਰਥਲਾ | 7. | ਬਾਘਾ ਪੁਰਾਣਾ |
| 3. | ਡੁਮੇਲੀ | 8. | ਮੋਗਾ |
| 4. | ਢਿੱਲਵਾਂ | **ਜ਼ਿਲ੍ਹਾ ਸ਼੍ਰੀ ਮੁਕਤਸਰ** | |
| 5. | ਨਡਾਲਾ | 1. | ਸ਼ੀਰੇਵਾਲੀ ਭੰਗੇਵਾਲੀ |
| 6. | ਫਗਵਾੜਾ | 2. | ਕੋਟ ਭਾਈ |
| 7. | ਭੁਲੱਥ | 3. | ਗਿੱਦੜਬਾਹਾ |
| | | 4. | ਮਲੋਟ ਮੰਡੀ |
| **ਜ਼ਿਲ੍ਹਾ ਲੁਧਿਆਣਾ** | | 5. | ਮੁਕਤਸਰ |
| 1. | ਸਮਰਾਲਾ | 6. | ਲੰਬੀ |
| 2. | ਸਾਹਨੇਵਾਲ | **ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ** | |
| 3. | ਸਿੱਧਵਾਂ ਬੇਟ | 1. | ਔੜ |
| 4. | ਕੂੰਮ ਕਲਾਂ | 2. | ਸੜੋਆ |
| 5. | ਖੰਨਾ | 3. | ਸ਼ਹੀਦ ਭਗਤ ਸਿੰਘ ਨਗਰ |
| 6. | ਗੁਰੂਸਰ ਸੁਧਾਰ | 4. | ਬੰਗਾ |
| 7. | ਜਗਰਾਓ | 5. | ਬਲਾਚੌਰ |
| 8. | ਡੇਹਲੋਂ | **ਜ਼ਿਲ੍ਹਾ ਪਟਿਆਲਾ** | |
| 9. | ਦਾਖਾ | 1. | ਸਮਾਣਾ |
| 10. | ਦੋਰਾਹਾ | 2. | ਸਨੌਰ |
| 11. | ਪਾਇਲ | 3. | ਘਨੌਰ |
| 12. | ਪੱਖੋਵਾਲ | 4. | ਨਾਭਾ |
| 13. | ਮਲੌਦ | 5. | ਪਟਿਆਲਾ |
| 14. | ਮਾਛੀਵਾੜਾ | 6. | ਪਾਤੜਾਂ |
| 15. | ਰਾਏਕੋਟ | 7. | ਬਨੂੰੜ |
| 16. | ਲੁਧਿਆਣਾ | 8. | ਭੂਨਰਹੇੜੀ |
| | | 9. | ਰਾਜਪੁਰਾ |

| ਲੜੀ ਨੰ: | ਕੇਂਦਰ ਦਾ ਨਾਂ | ਲੜੀ ਨੰ: | ਕੇਂਦਰ ਦਾ ਨਾਂ |
|---|---|---|---|
| **ਜ਼ਿਲ੍ਹਾ ਰੋਪੜ** | | **ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ** | |
| 1. | ਆਨੰਦਪੁਰ ਸਾਹਿਬ | 1. | ਸਾਹਿਬਜ਼ਾਦਾ ਅਜੀਤ ਸਿੰਘ ਨਗਰ |
| 2. | ਚਮਕੌਰ ਸਾਹਿਬ | 2. | ਸੋਹਾਣਾ |
| 3. | ਨੂਰਪੁਰਬੇਦੀ | 3. | ਸਿਆਲਬਾ |
| 4. | ਨੰਗਲ | 4. | ਕੁਰਾਲੀ |
| 5. | ਨੰਗਲ ਟਾਊਨ ਸ਼ਿਪ | 5. | ਕੁੰਬੜਾ |
| 6. | ਮੋਰਿੰਡਾ | 6. | ਖਰੜ |
| 7. | ਰੋਪੜ | 7. | ਡੇਰਾਬਸੀ |
| **ਜ਼ਿਲ੍ਹਾ ਸੰਗਰੂਰ** | | 8. | ਮੁਬਾਰਿਕ ਪੁਰ |
| 1. | ਅਨਦਾਨਾ | 9. | ਲਾਲੜੂ |
| 2. | ਅਹਿਮਦਗੜ੍ਹ | **ਜ਼ਿਲ੍ਹਾ ਚੰਡੀਗੜ੍ਹ ਦੇ ਦੂਜੇ ਰਾਜ** | |
| 3. | ਸੰਗਰੂਰ | 1. | ਚੰਡੀਗੜ੍ਹ |
| 4. | ਸ਼ੇਰਪੁਰ | | |
| 5. | ਸੁਨਾਮ | | |
| 6. | ਜਖੇਪਲ | | |
| 7. | ਦਿੜ੍ਹਬਾ | | |
| 8. | ਧੂਰੀ | | |
| 9. | ਭਵਾਨੀਗੜ੍ਹ | | |
| 1●. | ਮੂਨਕ | | |
| 11. | ਮਲੇਰਕੋਟਲਾ | | |

**10.2 ਪਰੀਖਿਆ ਕੇਂਦਰਾਂ ਦਾ ਨਿਰਧਾਰਨ ਅਤੇ ਉਨ੍ਹਾਂ ਦੀ ਬਦਲੀ :-**

1●.3 ਉਮੀਦਵਾਰ ਬੋਰਡ ਵੱਲੋਂ ਅਲਾਟ ਕੀਤੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

ਮੀਡੀਅਮ ਕੋਡ 1. ਪੰਜਾਬੀ 2. ਅੰਗਰੇਜੀ 3. ਹਿੰਦੀ

**3.2 ਪਰੀਖਿਆ ਕੇਂਦਰਾਂ ਦਾ ਨਿਰਧਾਰਨ ਅਤੇ ਉਹਨਾਂ ਦੀ ਬਦਲੀ:**

3.3 ਉਮੀਦਵਾਰ ਬੋਰਡ ਵੱਲੋਂ ਅਲਾਟ ਕੀਤੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

3.4 ਜੇਕਰ ਉਮੀਦਵਾਰ ਉਚਿਤ ਕਾਰਣਾਂ ਕਰਕੇ ਜਾਂ ਸੰਕਟ ਕਾਲੀਨ ਹਾਲਾਤ ਦੱਸਦੇ ਹੋਏ ਕੇਂਦਰ ਬਦਲਣ ਲਈ ਬਿਨੈ ਪੱਤਰ ਸਮੇਤ ਨਿਰਧਾਰਿਤ ਫੀਸ ਪਰੀਖਿਆ ਸ਼ੁਰੂ ਹੋਣ ਤੋਂ ਘੱਟੋਂ ਘੱਟ 1● ਦਿਨ ਪਹਿਲਾਂ ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜਦਾ ਹੈ ਤਾਂ ਨਿਯਮਾਂ ਅਨੁਸਾਰ ਕੇਂਦਰ ਬਦਲਣ ਲਈ ਵਿਚਾਰ ਕੀਤਾ ਜਾ ਸਕਦਾ ਹੈ।

**4. ਪਾਸ ਫਾਰਮੂਲਾ**

4.1 ਹਰ ਵਿਸ਼ੇ ਵਿੱਚ ਪਾਸ ਹੋਣ ਲਈ 33% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।

4.2 ਉਸ ਉਮੀਦਵਾਰ ਨੂੰ ਪਾਸ ਸਮਝਿਆ ਜਾਵੇਗਾ ਜੋ ਹਿਊਮੈਨਟੀਜ਼, ਸਾਇੰਸ ਅਤੇ ਖੇਤੀਬਾੜੀ ਗਰੁੱਪਾਂ ਵਿੱਚ ਜਰਨਲ ਪੰਜਾਬੀ /ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ, ਜਰਨਲ ਅੰਗਰੇਜ਼ੀ ਅਤੇ ਤਿੰਨ ਚੋਣਵੇਂ ਵਿਸ਼ਿਆਂ ਵਿੱਚੋਂ ਪਾਸ ਹੋਵੇਗਾ। ਕਾਮਰਸ, ਤਕਨੀਕੀ ਅਤੇ ਵੋਕੇਸ਼ਨਲ ਸਟਰੀਮ ਦੇ ਜਰਨਲ ਪੰਜਾਬੀ/ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ, ਜਰਨਲ ਅੰਗਰੇਜੀ ਅਤੇ 4 ਚੋਣਵੇਂ ਵਿਸ਼ਿਆਂ ਵਿਚੋਂ ਪਾਸ ਹੋਣਾ ਜ਼ਰੂਰੀ ਹੈ।

4.3 ਪ੍ਰਯੋਗੀ ਪਰੀਖਿਆ ਵਾਲੇ ਵਿਸ਼ਿਆਂ ਵਿੱਚ 33% ਅੰਕ ਲਿਖਤੀ ਅਤੇ ਪ੍ਰਯੋਗੀ ਦੋਵਾਂ ਵਿੱਚ ਵੱਖਰੇ-ਵੱਖਰੇ ਪ੍ਰਾਪਤ ਕਰਨੇ ਜ਼ਰੂਰੀ ਹਨ।

4.4 ਵਾਧੂ ਵਿਸ਼ੇ ਦੇ ਅੰਕਾਂ ਨੂੰ ਨਤੀਜੇ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ ਅਜਿਹਾ ਵਿਸ਼ਾ ਪਾਸ ਹੋਣ ਦੀ ਸੂਰਤ ਵਿੱਚ ਇਸ ਦੇ ਪ੍ਰਾਪਤ ਅੰਕਾਂ ਨੂੰ ਸਰਟੀਫਿਕੇਟ ਵਿੱਚ ਵੱਖਰੇ ਤੌਰ ਤੇ ਦਰਸਾ ਦਿੱਤਾ ਜਾਵੇਗਾ।

4.5 ਜੋ ਉਮੀਦਵਾਰ ਕਿਸੇ ਇੱਕ ਲਾਜ਼ਮੀ ਜਾਂ ਚੋਣਵੇਂ ਵਿਸ਼ੇ (ਸਾਰੇ ਗਰੁੱਪਾਂ ਲਈ) ਫੇਲ੍ਹ ਹੈ ਤਾਂ ਉਸ ਦਾ ਨਤੀਜਾ ਉਸ ਵਿਸ਼ੇ ਵਿੱਚ ਕੰਪਾਰਟਮੈਂਟ ਘੋਸ਼ਿਤ ਕੀਤਾ ਜਾਵੇਗਾ। ਅਜਿਹਾ ਉਮੀਦਵਾਰ ਕੰਪਾਰਟਮੈਂਟ ਵਿਸ਼ੇ ਦੀ ਇਹ ਪਰੀਖਿਆ ਅਗਲੀਆਂ ਲਗਾਤਾਰ ਦੋ ਪਰੀਖਿਆਵਾਂ ਸਮੇਂ ਪਾਸ ਕਰ ਸਕੇਗਾ। ਜੇਕਰ ਅਜਿਹਾ ਦੋ ਮੌਕਿਆਂ ਤੇ ਨਹੀਂ ਕਰ ਸਕੇਗਾ ਤਾਂ ਉਸ ਦਾ ਨਤੀਜਾ ਸਮੁੱਚੀ ਪਰੀਖਿਆ ਲਈ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ।

**5. ਮਾਧਿਅਮ:-**

ਉਮੀਦਵਾਰ ਪਰੀਖਿਆ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜੀ ਵਿਚੋਂ (ਭਾਸ਼ਾ ਤੋਂ ਬਿਨ੍ਹਾਂ ) ਕੋਈ ਵੀ ਮਾਧਿਅਮ ਰੱਖ ਸਕਦਾ ਹੈ।

**6. ਪੜ੍ਹਾਈ ਸਕੀਮ :- ਹਿਊਮੈਨਟੀਜ਼ ਗਰੁੱਪ:**

6.1 ਪ੍ਰਾਈਵੇਟ ਉਮੀਦਵਾਰ ਕੇਵਲ ਹੇਠ ਲਿਖੇ ਵਿਸ਼ੇ ਲਵੇਗਾ।

6.2 ਲਾਜ਼ਮੀ ਵਿਸ਼ੇ :- ਹਰਕੇ ਉਮੀਦਵਾਰ ਹੇਠ ਲਿਖੇ ਵਿਸ਼ੇ ਲਵੇਗਾ।

(ੳ) 1. ਲਾਜ਼ਮੀ ਅੰਗਰੇਜੀ
2. ਲਾਜ਼ਮੀ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ
3. ਕੰਪਿਊਟਰ ਸਾਇੰਸ
4. ਵਾਤਾਵਰਣ ਸਿੱਖਿਆ

**ਨੋਟ:- ਕੋਈ ਵੀ ਉਮੀਦਵਾਰ ਜਿਸਨੇ ਪੰਜਾਬ ਜਾਂ ਚੰਡੀਗੜ੍ਹ ਸਥਿਤ ਕਿਸੇ ਸੰਸਥਾ ਤੋਂ ਦਸਵੀਂ ਦੀ ਪਰੀਖਿਆ ਨਹੀਂ ਕੀਤੀ ਉਹ ਲਾਜ਼ਮੀ ਪੰਜਾਬੀ ਵਿਸ਼ੇ ਦੀ ਥਾਂ ਤੇ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਦਾ ਵਿਸ਼ਾ ਲੈ ਸਕਦਾ ਹੈ। ਭਾਵ ਉਮੀਦਵਾਰ ਨੇ ਦਸਵੀਂ ਤੱਕ ਪੰਜਾਬੀ ਨਾਂ ਪੜ੍ਹੀ ਹੋਵੇ।**

(ਅ) ਚੋਣਵੇਂ ਵਿਸ਼ੇ: ਹਰੇਕ ਉਮੀਦਵਾਰ ਲਾਜ਼ਮੀ ਵਿਸ਼ਿਆਂ ਦੇ ਨਾਲ-ਨਾਲ ਹੇਠ ਲਿਖੇ ਵਿਸ਼ਿਆਂ ਵਿਚੋਂ ਕੋਈ ਤਿੰਨ ਵਿਸ਼ੇ ਲਵੇਗਾ।

1. ਭਾਸ਼ਾ (ਹੇਠ ਲਿਖਿਆ ਵਿੱਚੋਂ ਕੋਈ ਇਕ)
ਪੰਜਾਬੀ, ਹਿੰਦੀ, ਅੰਗਰੇਜੀ, ਉਰਦੂ, ਬੰਗਲਾ, ਗੁਜਰਾਤੀ, ਕੰਨੜ, ਮਰਾਠੀ, ਮਲਿਆਲਮ, ਮਨੀਪੁਰੀ, ਉੜੀਆ, ਸਿੰਧੀ, ਤਾਮਿਲ, ਅਸਾਮੀ, ਤੇਲਗੂ।

2. ਕਲਾਸੀਕਲ/ਵਿਦੇਸ਼ੀ ਭਾਸ਼ਾਵਾਂ (ਕੋਈ ਇਕ)
ਸੰਸਕ੍ਰਿਤ, ਅਰਬੀ, ਪਰਸੀਅਨ ਜਾਂ ਫਰੈਂਚ, ਜਰਮਨ, ਰਸ਼ੀਅਨ, ਕੋਰਿਅਨ।

**ਨੋਟ:- ਜੇਕਰ ਕਿਸੇ ਵਿਦਿਆਰਥੀ ਨੇ ਪੰਜਾਬੀ, ਅੰਗਰੇਜੀ, ਹਿੰਦੀ, ਸੰਸਕ੍ਰਿਤ, ਉਰਦੂ, ਅਰਬੀ, ਪਰਸੀਅਨ ਅਤੇ ਫਰੈਂਚ ਤੋਂ ਬਿਨ੍ਹਾਂ ਕੋਈ ਹੋਰ ਭਾਸ਼ਾ ਲੈਣੀ ਹੈ ਤਾਂ ਉਸਦੀ ਪ੍ਰਵਾਨਗੀ ਡਾਇਰੈਕਟਰ (ਅਕਾਦਮਿਕ) ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਲਈ ਜਾਵੇ।**

3. ਇਤਿਹਾਸ 4. ਅਰਥ ਵਿਗਿਆਨ 5. ਗਣਿਤ
6. ਬਿਜ਼ਨਸ ਔਰਗੇਨਾਈਜੇਸ਼ਨ ਐਂਡ ਮੈਨੈਜਮੈਂਟ 7. ਬੁੱਕਕੀਪਿੰਗ ਐਂਡਅਕਾਊਟੈਂਸੀ
8. ਰਾਜਨੀਤੀ ਸ਼ਾਸਤਰ 9. ਸਮਾਜ ਸ਼ਾਸਤਰ (Soiciology)
10. ਪਬਲਿਕ ਐਡਮਨਿਸਟ੍ਰੇਸ਼ਨ 11.ਦਰਸ਼ਨ ਸ਼ਾਸਤਰ (Philosophy)12. ਸਿੱਖਿਆ
13. ਧਰਮ 14. ਸੰਗੀਤ (ਆਵਾਜ) 15. ਗੁਰਮਤ ਸੰਗੀਤ
16. ਸੰਗੀਤ (ਸਾਜ) 17. ਸੰਗੀਤ (ਤਬਲਾ) 18. ਡਾਂਸ (ਨਾਚ)
19. ਭੂਗੋਲ 20. ਡੀਫੈਂਸ ਸਟੱਡੀਜ਼ 21.ਮਨੋਵਿਗਿਆਨ(Psychology)
22. ਗ੍ਰਹਿ ਵਿਗਿਆਨ (ਕੇਵਲ ਲੜਕੀਆਂ ਲਈ) 23. ਡਰਾਇੰਗ ਅਤੇ ਪੇਟਿੰਗ
24.ਜਿਉਮੈਟ੍ਰੀਕਲ ਪ੍ਰਸਪੈਕਟਿਵ ਅਤੇ ਆਰਚੀਟੈਕਚਰਲ ਡਰਾਇੰਗ 25. ਕਮਰਸ਼ੀਅਲ ਆਰਟ
26. ਸਰੀਰਕ ਸਿੱਖਿਆ ਅਤੇ ਖੇਡਾਂ 27. ਹਿਸਟਰੀ ਐਂਡ ਐਪਰੀਸੀਏਸ਼ਨ ਆੱਫ ਆਰਟ
28. ਪੇਂਡੂ ਵਿਕਾਸ ਅਤੇ ਵਾਤਾਵਰਣ 29. ਮਾਡਲਿੰਗ ਅਤੇ ਮੂਰਤੀਕਲਾ
30. ਬੀਮਾ 31. ਕੰਪਿਊਟਰ ਐਪਲੀਕੇਸ਼ਨ 32. ਖੇਤੀਬਾੜੀ

**ਨੋਟ:-**

1. ਕੰਪਿਊਟਰ ਐਪਲੀਕੇਸ਼ਨ ਦਾ ਸਿਲੇਬਸ ਜੋ ਸਾਇੰਸ ਗਰੁੱਪ ਵਿੱਚ ਨਿਰਧਾਰਿਤ ਹੈ, ਉਹੀ ਹੋਵੇਗਾ।
2. ਖੇਤੀਬਾੜੀ ਦਾ ਸਿਲੇਬਸ ਜੋ ਖੇਤੀਬਾੜੀ ਗਰੁੱਪ ਵਿੱਚ ਨਿਰਧਾਰਿਤ ਹੈ, ਉਹੀ ਹੋਵੇਗਾ।
3. ਉਪਰੋਕਤ ਵਿਸ਼ਿਆਂ ਦੀਆਂ ਕਿਤਾਬਾਂ ਅਤੇ ਪਾਠਕ੍ਰਮ ਬੋਰਡ ਵੱਲੋਂ ਜਾਰੀ ਵੱਖਰੇ ਤੌਰ ਤੇ ਪਾਠ ਕ੍ਰਮ ਦੇ ਕਿਤਾਬਚੇ ਵਿੱਚੋਂ ਦੇਖੇ ਜਾ ਸਕਦੇ ਹਨ।

7. **ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਅਧਿਕਾਰੀਆਂ ਦੀ ਸੂਚੀ :-**

ਪ੍ਰਾਈਵੇਟ ਉਮੀਦਵਾਰ ਨਾਲ ਨੱਥੀ ਪਰੀਖਿਆ ਫਾਰਮ ਹੇਠ ਲਿਖੇ ਅਧਿਕਾਰੀਆਂ ਵਿੱਚੋਂ ਕਿਸੇ ਇੱਕ ਤੋਂ ਤਸਦੀਕ ਕਰਵਾ ਕੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜੇਗਾ।

(ੳ) **ਪੰਜਾਬ ਵਿੱਚ ਰਹਿੰਦੇ ਪ੍ਰਾਈਵੇਟ ਉਮੀਦਵਾਰ।**

7.1 ਸਭ ਤੋਂ ਆਖਰੀ ਸੰਸਥਾ, ਜਿਥੋਂ ਉਸ ਨੇ ਵਿੱਦਿਆ ਗ੍ਰਹਿਣ ਕੀਤੀ ਹੈ। ਉਸ ਸੰਸਥਾ ਦੇ ਮੁਖੀ ਤੋਂ ਜਾਂ

7.2 ਪੰਜਾਬ ਜਾਂ ਯੂ.ਟੀ. ਚੰਡੀਗੜ੍ਹ ਦੀ ਐਫੀਲਿਏਟਡ/ਮਾਨਤਾ ਪ੍ਰਾਪਤ ਸੰਸਥਾ ਦੇ ਪ੍ਰਿੰਸੀਪਲ ਤੋਂ ਜਾ ਜ਼ਿਲ੍ਹਾਂ/ਸਰਕਲ ਜਾਂ ਰਾਜ ਪੱਧਰ ਦੇ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਤੋਂ ਜਿਸਦਾ ਅਹੁਦਾ ਉਪ- ਜ਼ਿਲ੍ਹਾ ਸਿੱਖਿਆ ਅਫਸਰ ਤੋਂ ਘੱਟ ਨਾ ਹੋਵੇ।

ਜਾਂ

7.3 ਯੂਨੀਵਰਸਿਟੀ ਦੇ ਅਧਿਆਪਨ ਵਿਭਾਗ ਦੇ ਮੁਖੀ/ਚੇਅਰਮੈਨ ਤੋਂ । ਜਾਂ

7.4 ਬੋਰਡ ਦੇ ਮੈਂਬਰ/ਯੂਨੀਵਰਸਟੀ ਦੇ ਫੈਲੋ ਤੋਂ। ਜਾਂ

7.5 ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸਦਾ ਅਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ। ਜਾਂ

7.6 ਯੂਨੀਵਰਸਟੀ ਦੇ ਕਿਸੇ ਅਧਿਕਾਰੀ ਤੋਂ ਜਿਸਦਾ ਅਹੁਦਾ ਸਹਾਇਕ ਰਜਿਸਟਰਾਰ ਤੋਂ ਘੱਟ ਨਾ ਹੋਵੇ।

(ਅ) **ਜਿਹੜੇ ਪ੍ਰਾਈਵੇਟ ਉਮੀਦਵਾਰ ਪੰਜਾਬ ਤੋਂ ਬਾਹਰ ਰਹਿੰਦੇ ਹਨ:-**

7.7 ਉਪਰੋਕਤ (ੳ) ਵਿੱਚ ਦਰਜ 7.1 ਤੋਂ 7.6 ਤੱਕ ਦੇ ਕਿਸੇ ਵੀ ਅਧਿਕਾਰੀ ਤੋਂ ਜਾਂ

7.8 ਸਬੰਧਿਤ ਰਾਜ/ਯੂ.ਟੀ.ਦੇ ਸਿੱਖਿਆ ਵਿਭਾਗ ਦੇ ਕਿਸੇ ਵੀ ਅਧਿਕਾਰੀ ਤੋਂ ਜਿਸਦਾ ਅਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ

7.9 ਮਿਲਟਰੀ/ਪੈਰਾ ਮਿਲਟਰੀ ਸੈਨਾ ਵਿੱਚ ਨੌਕਰੀ ਕਰਦੇ ਪ੍ਰਾਈਵੇਟ ਉਮੀਦਵਾਰ ਆਪਣਾ ਪਰੀਖਿਆ ਫਾਰਮ ਆਪਣੀ ਯੂਨਿਟ ਦੇ ਕਮਾਂਡਿੰਗ ਅਫਸਰ ਤੋਂ ਤਸਦੀਕ ਕਰਵਾ ਕੇ ਭੇਜਣ।

ਜਾਂ

7.1● ਸਰਕਾਰੀ/ਅਰਧ ਸਰਕਾਰੀ/ਪਬਲਿਕ ਅੰਡਰਟੇਕਿੰਗ ਅਦਾਰਿਆਂ ਵਿੱਚ ਨੌਕਰੀ ਕਰਦੇ ਉਮੀਦਵਾਰ ਸਬੰਧਿਤ ਵਿਭਾਗ ਦੇ ਮੁਖੀ ਤੋਂ ਪਰੀਖਿਆ ਫਾਰਮ ਤਸਦੀਕ ਕਰਵਾ ਕੇ ਭੇਜਣ। (ਨੌਕਰੀ ਸਬੰਧੀ ਸਬੂਤ ਨੱਥੀ ਕੀਤਾ ਜਾਵੇ)

8. **ਪਰੀਖਿਆ ਦਾ ਸ਼ਡਿਊਲ** :

ਇਹ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ।

8.1 ਪਹਿਲੇ ਸਮੈਸਟਰ ਦੀ ਪ੍ਰੀਖਿਆ 1-9-2●1● ਅਤੇ ਦੂਜੇ ਸਮੈਸਟਰ ਦੀ ਪ੍ਰੀਖਿਆ 15-2-2●11 ਨੂੰ ਹੋਵੇਗੀ।

8.2 ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

9. **ਦਫ਼ਤਰ ਵਿੱਚ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :**

| **ਪਰੀਖਿਆ ਸ਼ੁਰੂ ਹੋਣ ਦੀਆਂ ਆਰਜੀ ਮਿਤੀਆਂ** | **ਬਿਨ੍ਹਾਂ ਲੇਟ ਫੀਸ** | **ਲੇਟ ਫੀਸ ਵਾਲੀਆਂ ਮਿਤੀਆਂ** | |
|---|---|---|---|
| | | 1●●●/-ਰੁ: ਨਾਲ | 3●●●/-ਰੁ: ਨਾਲ |
| ਪਹਿਲਾ ਸਮੈਸਟਰ ●1.●9.1● | 23-●6-2●1● | 28-●6-2●1● | ●5-●7-2●1● |

**ਨੋਟ:-** 1. ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਅਗਲਾ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।

**1●. ਪਰੀਖਿਆ ਫੀਸ:-**

| | | |
|---|---|---|
| 1●.1 | ਪੰਜਾਬ ਰਾਜ ਦੇ ਪੰਜਾਬ ਬੋਰਡ ਤੋਂਦਸਵੀਂ ਪਾਸ/ਬਾਰਵੀਂ ਫੇਲ੍ਹ ਉਮੀਦਵਾਰ ਜੋ ਬਾਰ੍ਹਵੀਂ ਦੀ ਪਰੀਖਿਆ ਪੂਰੇ ਵਿਸ਼ਿਆਂ/ਕੰਪਾਰਟਮੈਂਟ/ਰੀ-ਅਪੀਅਰ/ਵਿਸ਼ੇ/ਕਾਰਗੁਜਾਰੀ ਵਧਾਉਣ ਲਈ /ਬਾਰ੍ਹਵੀਂ ਪਰੀਖਿਆ ਪਾਸ ਕਰਨ ਉਪਰੰਤ ਇੱਕ ਤੋਂ ਵੱਧ ਵਾਧੂ ਵਿਸ਼ਿਆਂ ਦੀ ਪਰੀਖਿਆ ਦੇਣੀ ਚਾਹੁੰਦੇ ਹਨ। | **6●●/- ਰੁਪਏ ਪ੍ਰਤੀ ਸਮੈਸਟਰ** + (+**6●/-ਰੁ: ਪ੍ਰਤੀ ਪ੍ਰਯੋਗੀ ਵਿਸ਼ਾ**) + **12●/-ਰੁ: ਮਾਈਗ੍ਰੇਸ਼ਨ ਫੀਸ** ਪੂਰੇ ਵਿਸ਼ਿਆਂ ਦੀ ਪਰੀਖਿਆ ਦੇਣ ਵਾਲੇ ਉਮੀਦਵਾਰਾਂ ਲਈ (ਕੇਵਲ ਇੱਕ ਵਾਰ) ਅਤੇ ਜੋ ਪਰੀਖਿਆਰਥੀ ਬਾਰ੍ਹਵੀਂ ਦੀ ਪਰੀਖਿਆ ਦੇ ਨਾਲ ਹੀ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦੇ ਹਨ 15●/-ਰੁ: ਵਾਧੂ ਫੀਸ ਦੇਣੀ ਪਵੇਗੀ। |
| 1●.2 | ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ ਪੰਜਾਬ ਬੋਰਡ ਜਾਂ ਕਿਸੇ ਬਾਹਰਲੇ ਰਾਜ ਦੇ ਬੋਰਡ ਤੋਂ ਦਸਵੀਂ ਪਾਸ ਜਾਂ ਬਾਰ੍ਹਵੀਂ ਫੇਲ੍ਹ ਉਮੀਦਵਾਰ ਜੋ ਬਾਰ੍ਹਵੀਂ ਦੀ ਪਰੀਖਿਆ ਪੂਰੇ ਵਿਸ਼ਿਆਂ/ਕੰਪਾਰਟਮੈਂਟ ਰੀ-ਅਪੀਅਰ/ਕਾਰਗੁਜਾਰੀ ਵਧਾਉਣ ਲਈ ਬਾਰ੍ਹਵੀਂ ਪਾਸ ਕਰਨ ਉਪਰੰਤ ਇੱਕ ਤੋਂ ਵਾਧੂ ਵਿਸ਼ਿਆਂ ਦੀ ਪਰੀਖਿਆ ਦੇਣੀ ਚਾਹੁੰਦੇ ਹਨ। | **8●●/-ਰੁਪਏ ਪ੍ਰਤੀ ਸਮੈਸਟਰ**+ (+**6●/-ਰੁ: ਪ੍ਰਤੀ ਪ੍ਰਯੋਗੀ ਵਿਸ਼ਾ**) + **12●/-ਰੁ: ਮਾਈਗ੍ਰੇਸ਼ਨ ਫੀਸ** ਪੂਰੇ ਵਿਸ਼ਿਆਂ ਦੀ ਪਰੀਖਿਆ ਦੇਣ ਵਾਲੇ ਉਮੀਦਵਾਰਾਂ ਲਈ (ਕੇਵਲ ਇੱਕ ਵਾਰ) ਅਤੇ ਜੋ ਪਰੀਖਿਆਰਥੀ ਬਾਰ੍ਹਵੀਂ ਦੀ ਪਰੀਖਿਆ ਦੇ ਨਾਲ ਹੀ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦੇ ਹਨ 15●/ਰੁ: ਵਾਧੂ ਫੀਸ ਦੇਣੀ ਪਵੇਗੀ। |
| 1●.3 | ਪੰਜਾਬ ਰਾਜ ਦੇ ਜੋ ਪੰਜਾਬ ਬੋਰਡ ਤੋਂ ਹੀ ਬਾਰ੍ਹਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦੇ ਹਨ। | **22●/-ਰੁਪਏ** (+**6●/-ਰੁ: ਪ੍ਰਤੀ ਪ੍ਰਯੋਗੀ ਵਿਸ਼ਾ**) |
| 1●.4 | ਪੰਜਾਬ ਰਾਜ ਤੋ ਬਾਹਰਲੇ ਉਮੀਦਵਾਰ ਜਿਨ੍ਹਾਂ ਨੇ ਬਾਰ੍ਹਵੀ. ਦੀ ਪਰੀਖਿਆ ਪੰਜਾਬ ਬੋਰਡ ਤੋਂ ਜਾਂ ਕਿਸੇ ਹੋਰ ਰਾਜ ਦੇ ਬੋਰਡ ਤੋਂ ਪਾਸ ਕੀਤੀ ਹੈ ਅਤੇ ਉਹ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦੇ ਹਨ। | **33●/-ਰੁਪਏ** (+**6●/-ਰੁ: ਪ੍ਰਤੀ ਪ੍ਰਯੋਗੀ ਵਿਸ਼ਾ**) |

**ਜਰੂਰੀ ਨੋਟ :- ਉਪਰੋਕਤ ਤੋਂ ਇਲਾਵਾ ਫਾਰਮ ਦੀ ਫੀਸ 5●/- ਰੁਪਏ ਪ੍ਰੀਖਿਆ ਫੀਸ ਦੇ ਨਾਲ ਵੱਖਰੇ ਤੌਰ ਤੇ ਜਮ੍ਹਾਂ ਕਰਵਾਈ ਜਾਵੇ।**

**ਨੋਟ:- ਨਿਰਧਾਰਤ ਫੀਸਾਂ ਵਿੱਚ ਬੋਰਡ ਵੱਲੋਂ ਕਿਸੇ ਵੀ ਸਮੇਂ ਤਬਦੀਲੀ/ਵਾਧਾ ਕੀਤਾ ਜਾ ਸਕਦਾ ਹੈ। ਵਧੀ ਫ਼ੀਸ ਅਨੁਸਾਰ ਹੀ ਉਮੀਦਵਾਰ ਨੂੰ ਰਾਸ਼ੀ ਅਦਾ ਕਰਨੀ ਪਵੇਗੀ।**

11.1 ਪਰੀਖਿਆ ਫੀਸ ਕਿਸੇ ਵੀ ਹਾਲਤ ਵਿੱਚ ਬੈਂਕ ਡਰਾਫਟ/ਆਈ.ਪੀ.ਓ. (I.P.O) ਮਨੀਆਰਡਰ/ਬੈਂਕ ਚੈੱਕ ਰਾਹੀਂ ਨਾ ਭੇਜੀ ਜਾਵੇ।

11.2 ਪਰੀਖਿਆ ਫਾਰਮ ਅਤੇ ਪਰੀਖਿਆ ਫ਼ੀਸ ਬੋਰਡ ਦੇ ਖੇਤਰੀ ਦਫ਼ਤਰ ਵਿਖੇ ਜਮ੍ਹਾਂ ਕਰਵਾਈ ਜਾਵੇ ਅਤੇ ਇਸ ਦੀ ਰਸੀਦ ਪ੍ਰਾਪਤ ਕੀਤੀ ਜਾਵੇ। **ਪਰੀਖਿਆ ਫੀਸ ਦੀ ਰਸੀਦ ਦੇ ਨੰਬਰ ਦਾ ਇੰਦਰਾਜ ਪਰੀਖਿਆ ਫਾਰਮ ਵਿਚ ਜ਼ਰੂਰ ਕੀਤਾ ਜਾਵੇ।** ਪਰੀਖਿਆ ਫੀਸ/ਫਾਰਮ ਬੋਰਡ ਦੇ ਮੁੱਖ ਦਫ਼ਤਰ, ਫੇਜ਼-8 ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਵੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

| ਜਿਲ੍ਹਿਆਂ ਦੇ ਨਾਮ | | | ਵਿਸ਼ਾ ਕੋਡ | ਵਿਸ਼ੇ | | ਵਿਸ਼ਾ ਕੋਡ | ਵਿਸ਼ੇ |
|---|---|---|---|---|---|---|---|
| ਜਿਲਾ ਕੋਡ | ਜਿਲ੍ਹੇ ਦਾ ਨਾਂ | | 043 | DEFENCE STUDIES | | 105 | TEXTILE TESTING AND FINISHING |
| ●1● | ਅੰਮ੍ਰਿਤਸਰ | | 044 | PSYCHOLOGY | | 106 | TEXTILE DYEING |
| ●2● | ਬਠਿੰਡਾ | | 045 | HOME SCIENCE | | 107 | ELEMENTS OF ELECTRICAL TECHNOLOGY |
| ●25 | ਬਰਨਾਲਾ | | 046 | DRAWING AND PAINTING | | 108 | ELECTRICAL DOMESTIC APPLIANCES |
| ●3● | ਫਰੀਦਕੋਟ | | 047 | GEOMETRICAL PERSPECTIVE & ARCH. DRAWING | | 109 | MATERIALS & WORKSHOP PRACTICE |
| ●4● | ਫਤਹਿਗੜ੍ਹ ਸਾਹਿਬ | | 048 | COMMERCIAL ART | | 110 | T.V. TRANSMISSION AND RECEPTION |
| ●5● | ਫਿਰੋਜ਼ਪੁਰ | | 049 | PHYSICAL EDUCATION & SPORTS | | 111 | TEST AND MEASURING INSTRUMENTS |
| ●6● | ਗੁਰਦਾਸਪੁਰ | | 050 | HISTORY & APPRECIATION OF ART | | 112 | T.V.SERVICING |
| ●7● | ਹੁਸ਼ਿਆਰਪੁਰ | | 051 | RURAL DEVELOPMENT & ENVIORNMENT | | 113 | ENGINEERING DRAWING |
| ●8● | ਜਲੰਧਰ | | 052 | PHYSICS | | 114 | WORKSHOP PRACTICE |
| ●9● | ਕਪੂਰਥਲਾ | | 053 | CHEMISTRY | | 115 | REPRODUCTION OF BLUE PRINTS |
| 1●● | ਲੁਧਿਆਣਾ | | 054 | BIOLOGY | | 116 | FITTING AND WELDING |
| 11● | ਮਾਨਸਾ | | 055 | GEOLOGY | | 117 | MACHINE TOOL OPERATIONS |
| 12● | ਮੋਗਾ | | 063 | INSURANCE (HUMANITIES GROUP) | | 118 | ENGINEERING DRAWING |
| 13● | ਸ਼੍ਰੀ ਮੁਕਤਸਰ | | 065 | AGRICULTURE | | 119 | FURNITURE FURNISHING & FINISHING MATERIALS |
| 14● | ਐੱਸ. ਬੀ.ਐੱਸ.ਨਗਰ | | 066 | MODELLING & SCULPTURE | | 120 | TOOLS AND PROCESS |
| 15● | ਪਟਿਆਲਾ | | 067 | ELEMENTS OF BUILDING CONSTRUCTION | | 121 | FURNITURE DESIGN |
| 16● | ਰੂਪਨਗਰ | | 068 | ELEMENTS OF ELECTRONICS ENGINEERING | | 122 | WORKSHOP TECHNOLOGY |
| 165 | ਸਾਹਿਬਜਾਦਾ ਅਜੀਤ ਸਿੰਘ ਨਗਰ | | 069 | ELEMENTS OF MECHANICAL ENGINEERING | | 123 | GARAGE PRACTICE AND MANAGEMENT |
| 17● | ਸੰਗਰੂਰ | | 070 | ELEMENTS OF ELECTRICAL ENGINEERING | | 124 | AUTOMOBILE SUSPENSION AND CONTROLS |
| 175 | ਤਰਨਤਾਰਨ | | 071 | ENGINEERING DRAWING | | 125 | OBJECT ORIENTED PROGRAMMING IN C++ |
| 18● | ਚੰਡੀਗੜ੍ਹ ਤੇ ਦੂਜੇ ਰਾਜ | | 072 | COMPUTER APPLICATION | | 126 | DESK TOP PUBLISHING |
| | | | 073 | COMMERCIAL CROPS | | 127 | ADVANCE MATHEMATICS & COMPUTER COMMERCIAL APPLICATIONS. |
| ਵਿਸ਼ਾ ਕੋਡ | ਵਿਸ਼ੇ | | 074 | LANDSCAPING AND FLORICULTURE | | 128 | WOOD BASED SPORTS GOODS |
| 001 | GENERAL ENGLISH | | 075 | POST HARVEST TECHNOLOGY & PRESERVATION | | 129 | LEATHER AND SYNTHETIC BASED SPORTS GOODS |
| 002 | GENERAL PUNJABI | | 076 | AGRICULTURAL MARKETING | | 130 | TEXTILE BASED SPORTS GOODS |
| 003 | PUNJAB HISTORY AND CULTURE | | 077 | AGRICULTURAL EQUIPMENT | | 131 | PATTERN CUTTING AND DESIGNING |
| 004 | PUNJABI (ELECTIVE) | | 078 | AGRICULTURE FINANCE | | 132 | NOVELTY LEATHER ITEMS |
| 005 | HINDI (ELECTIVE) | | 079 | FARM POWER AND TRACTORS | | 133 | INDUSTRIAL LEATHER GOODS |
| 006 | ENGLISH (ELECTIVE) | | 080 | POST HARVEST & RENEWABLE ENGERY GUDET | | 134 | COMMERCIAL ART AND DRAWING |
| 007 | URDU | | 081 | MANAGEMENT OF FARM POWER & MACHINERY | | 135 | DESIGN AND LAY-OUT |
| 019 | SANSKRIT | | 082 | MODERN OFFICE PRACTICE-II | | 136 | HISTORY OF ART |
| 020 | ARABIC | | 083 | SHORTHAND ENGLISH | | 137 | ON THE JOB TRAINING |
| 021 | PERSIAN | | 084 | SHORTHAND PUNJABI | | 138 | GENERAL FOUNDATION COURSE |
| 022 | RUSSIAN | | 085 | SHORTHAND HINDI | | 139 | ENVIRONMENTAL EDUCATION |
| 023 | FRENCH | | 086 | TYPE WRITING ENGLISH | | 141 | BUSINESS STUDIES-II |
| 024 | GERMAN | | 087 | TYPE WRITING PUNJAB | | 142 | ACCOUNTANCY-II |
| 025 | HISTORY | | 088 | TYPE WRITING HINDI | | 143 | BUSINESS ECONOMICS & QUANTITATIVE METHODS-II |
| 026 | ECONOMICS (HUMANITIES GROUP) | | 089 | BOOK-KEEPING AND ACCOUNTANCY | | 144 | FUNDMENTALS OF e-BUSINESS |
| 028 | MATHEMATICS | | 090 | PRINCIPLES OF MANAGEMENT & ECONOMICS | | 145 | KOREAN |
| 029 | BUSINESS ORGANISATION AND MANAGEMENT | | 091 | FUNDMENTALS OF e-BUSINESS | | 146 | COMPUTER SCIENCE |
| 030 | BOOK KEEPING & ACCOUNTANCY | | 092 | FOOD PROCESSING | | | |
| 031 | POLITICAL SCIENCE | | 093 | PLANT MANAGEMENT | | | |
| 032 | SOCIOLOGY | | 094 | FOOD PACKAGING | | | |
| 033 | PUBLIC ADMINISTRATION | | 095 | DRESS MAKING | | | |
| 034 | EDUCATION | | 096 | COMMERCIAL CLOTHING | | | |
| 035 | RELIGION | | 097 | UNIT MANAGEMENT | | | |
| 036 | MUSIC (VOCAL) | | 098 | FASHIONED KNITWEAR | | | |
| 037 | MUSIC (INSTRUMENTAL) | | 099 | CIRCULAR KNITTING | | | |
| 038 | MUSIC (TABLA) | | 100 | TEXTILE CALCULATION & GARMENT MAKING | | | |
| 039 | GURMAT SANGEET | | 101 | FABRIC STRUCTURE AND DESIGNING | | | |
| 040 | DANCE | | 102 | TEXTILE TESTING AND DYEING | | | |
| 041 | PHILOSOPHY | | 103 | POWERLOOM MECHANICS AND OPERATIONS | | | |
| 042 | GEOGRAPHY | | 104 | TEXTILE DESIGNING AND PRINTING | | | |

## ਰਸੀਦ

(ਉਮੀਦਵਾਰ ਆਪਣੇ ਹੱਥ ਨਾਲ ਭਰੇ)

ਨੋਟ : ਇਹ ਰਸੀਦ ਉਮੀਦਵਾਰ ਰੋਲ ਨੰਬਰ ਮਿਲਣ ਤੱਕ ਆਪਣੇ ਕੋਲ ਸੰਭਾਲ ਕੇ ਰੱਖੇ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ ਪਰੀਖਿਆ ਫ਼ਾਰਮ/ਫ਼ੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫ਼ਿਕੇਟ ਅਤੇ ਫ਼ੋਟੋ) ਸਮੇਤ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

ਸੀਨੀਅਰ ਸੈਕੰਡਰੀ ਪਰੀਖਿਆ ਸਮੈਸਟਰ– 1 ਅਤੇ 2 ਸੈਸ਼ਨ 2●1●–11

ਪਰੀਖਿਆ ਫੀਸ ਦੀ ਰਕਮ.......................................ਰੁਪਏ, ਬੋਰਡ ਰਸੀਦ ਨੰ:..................................ਮਿਤੀ............................................
ਉਮੀਦਵਾਰ ਦਾ ਨਾਂ............................................................ ਪਿਤਾ ਦਾ ਨਾਂ ..........................................................................
ਮਾਤਾ ਦਾ ਨਾਂ ...................................................................... ਜ਼ਿਲ੍ਹਾ ........................................................ ਦਾ ਪਰੀਖਿਆ ਫਾਰਮ ਮਿਤੀ .................................................. ਨੂੰ ਪ੍ਰਾਪਤ ਕੀਤਾ।

ਹਸਤਾਖਰ ਪ੍ਰਾਪਤ ਕਰਤਾ
ਦਫ਼ਤਰੀ ਮੋਹਰ